# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)


ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

| ਟੈਲੀਫੋਨ | ਫੈਕਸ | ਈ-ਮੇਲ |
| --- | --- | --- |
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ।

ਮੀਮੋ ਨੰ: ਸਸਅ/ਏ.ਆਈ.ਈ/ਓ.ਓ.ਐਸ.ਸੀ/2010-11/**38755-38774**
ਮਿੱਤੀ ਚੰਡੀਗੜ੍ਹ: **26-05-10**

**ਵਿਸ਼ਾ:- ਰਾਜ ਵਿਚ ਵਿਸ਼ੇਸ ਮੁਹਿੰਮ ਚਲਾ ਕੇ ਵੱਧ ਤੋਂ ਵੱਧ ਸਕੂਲੋਂ ਵਿਰਵੇ ਬੱਚਿਆਂ ਨੂੰ ਏ.ਆਈ.ਈ ਕੇਂਦਰਾਂ ਵਿੱਚ ਦਾਖਲ ਕਰਨ ਬਾਰੇ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਆਪ ਨੂੰ ਜਿਵੇਂ ਪਤਾ ਹੀ ਹੈ ਕਿ ਸਮੇਂ-ਸਮੇਂ ਸਿਰ ਮਹੀਨਾਵਾਰ ਮੀਟਿੰਗਾਂ ਵਿਚ ਐਸ.ਐਸ.ਏ ਪ੍ਰੋਗ੍ਰਾਮ ਤਹਿਤ 8 ਤੋਂ 14 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ ਨੂੰ ਏ.ਆਈ.ਈ ਕੇਂਦਰਾਂ ਵਿਚ ਦਾਖਲ ਕਰਨ ਬਾਰੇ ਅਤੇ ਉਹਨਾ ਨੂੰ ਸਕੂਲੀ ਸਿੱਖਿਆ ਦੇਣ ਬਾਰੇ ਆਪ ਜੀ ਨਾਲ ਵਿਚਾਰ ਵੰਟਾਂਦਰਾ ਕੀਤਾ ਜਾਂਦਾ ਰਿਹਾ ਹੈ। ਇਸ ਬਾਰੇ ਆਪ ਨੂੰ ਸਮੇਂ ਸਮੇਂ ਤੇ ਵਿਸਥਾਰ ਪੂਰਵਕ ਹਦਾਇਤਾਂ ਵੀ ਭੇਜੀਆਂ ਜਾਂਦੀਆ ਰਹੀਆਂ ਹਨ।

**3.0** ਇਹਨਾ ਬੱਚਿਆਂ ਨੂੰ ਏ.ਆਈ.ਈ ਕੇਂਦਰਾਂ ਤੁਰੰਤ ਦਾਖਲ ਕਰਵਾਉਣ ਲਈ ਹੇਠ ਅਨੁਸਾਰ ਵਿਸ਼ੇਸ਼ ਉਪਰਾਲੇ (Special Drives) ਕੀਤੇ ਜਾਣ:-

I. ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਕਸਬਿਆਂ/ਪਿੰਡਾਂ ਵਿੱਚ ਵਿਸ਼ੇਸ਼ ਮੁਹਿੰਮ ਚਲਾਕੇ ਗੁਰਦੁਆਰਿਆਂ/ ਮੰਦਰਾਂ ਵਿੱਚ ਮੁਨਿਆਦੀ (annoucement) ਆਦਿ ਕਰਵਾ ਕੇ ਲੋਕਾਂ ਨੂੰ 8 ਤੋਂ 14 ਸਾਲ ਦੇ ਬੱਚਿਆਂ ਨੂੰ ਏ.ਆਈ.ਈ ਕੇਂਦਰਾਂ ਵਿਚ ਦਾਖਲ ਕਰਵਾਉਣ ਲਈ ਜਾਣਕਾਰੀ ਦਿੱਤੀ ਜਾਵੇ।

II. ਸਮੂਹ ਪਿੰਡਾਂ ਦੇ ਪੰਚਾਇਤ ਮੈਬੰਰਜ਼/ਮਿਉਂਸਪਲ ਕਾਉਂਸਲਰ ਨੂੰ ਏ.ਆਈ.ਈ ਕੇਂਦਰਾਂ ਬਾਰੇ ਜਾਣਕਾਰੀ ਦੇ ਕੇ ਉਹਨਾਂ ਨੂੰ ਇਸ ਮੁਹਿੰਮ ਵਿੱਚ ਪੂਰਾ ਯੋਗਦਾਨ ਦੇਣ ਲਈ ਤਿਆਰ ਕੀਤਾ ਜਾਵੇ।

III. ਸਮੂਹ ਬੀ.ਆਰ.ਪੀਜ਼/ਸੀ.ਐਮ.ਟੀਜ਼/ਏ.ਆਈ.ਈ ਵਲੰਟੀਅਰਜ਼ ਵਲੋਂ ਸਕੂਲੋ ਵਿਰਵੇਂ ਬੱਚਿਆ ਦੇ ਮਾਪਿਆਂ ਨਾਲ ਬਾਰ ਬਾਰ ਮੀਟਿੰਗਾਂ ਕਰਕੇ ਸਿੱਖਿਆ ਸਬੰਧੀ ਜਾਗਰੂਕ ਕਰਵਾਇਆ ਜਾਵੇ ਅਤੇ

ਉਹਨਾ ਨੂੰ ਆਪਣੇ ਬੱਚਿਆਂ ਨੂੰ ਏ.ਆਈ.ਈ ਕੇਂਦਰਾਂ ਵਿਚ ਦਾਖਲ ਕਰਵਾਉਣ ਲਈ ਪ੍ਰੇਰਿਆ ਜਾਵੇ।

V. ਸਿੱਖਿਆ ਦੀ ਮਹੱਤਤਾ ਅਤੇ ਏ.ਆਈ.ਈ ਕੇਂਦਰਾ ਸਬੰਧੀ ਜਾਣਕਾਰੀ ਲਈ ਹੇਠ ਅਨੁਸਾਰ ਮੀਡੀਆਂ ਐਕਟਿਵਿਟੀਜ਼ (Media Activities) ਕੀਤੀਆਂ ਜਾਣ।

i) ਬੈਨਰਜ਼ ਤਿਆਰ ਕਰਕੇ ਰੈਲੀਆਂ ਕੱਢੀਆਂ ਜਾਣ,

ii) ਪੋਸਟਰਜ਼ ਤਿਆਰ ਕਰਕੇ ਪਿੰਡਾਂ ਵਿਚ ਦੀਵਾਰਾਂ ਤੇ ਚਪਕਾਏ ਜਾਣ,

iii) ਪੈਂਫਲੈਟਜ਼ ਤਿਆਰ ਕਰਵਾਕੇ ਅਖਬਾਰਾਂ ਰਾਹੀ ਜਾਂ ਵਿਸ਼ੇਸ਼ ਉਪਰਾਲੇ ਕਰਕੇ ਆਮ ਜਨਤਾ ਤੱਕ ਪਹੁਚਾਏ ਜਾਣ।

**4.0** ਇਹ ਸਾਰੀ ਕਾਰਵਾਈ ਮਿੱਤੀ 30-06-10 ਤੱਕ ਹਰ ਹਾਲ ਵਿਚ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਇੱਸ ਦਫਤਰ ਨੂੰ ਭੇਜੀ ਜਾਵੇ।

**-ਸਹੀ-**
**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ।**